ਬੱਚਿਆਂ ਲਈ ਬਾਈਬਲ

ਉਪੱਸਥਿਤ

# ਉਜਾੜੂ ਪੁੱਤਰ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਬਦਲਿਆ ਗਿਆ : Ruth Klassen; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਯਿਸੂ ਲੋਕਾਂ ਨੂੰ ਮਾਫ਼ੀ ਦੇ ਬਾਰੇ ਦੱਸਣਾ ਪਸੰਦ ਕਰਦੇ ਸਨ। ਪਰ ਯਹੂਦੀ ਆਗੂਆਂ ਨੇ ਉਸਦੀ ਪਾਪੀਆਂ ਨਾਲ ਦੋਸਤੀ ਦੇ ਬਾਰੇ ਸ਼ਿਕਾਇਤ ਕੀਤੀ। ਤਾਂ ਯਿਸੂ ਨੇ ਇਹ ਵਖਾਉਣ ਲਈ ਤਿੰਨ ਕਹਾਣੀਆਂ ਸੁਣਾਈਆਂ ਕੀ ਪਰਮੇਸ਼ਵਰ ਖੁਸ਼ ਹੁੰਦਾ ਹੈ ਜਦ ਪਾਪੀ ਆਪਣੇ ਪਾਪਾਂ ਲਈ ਮਾਫੀ ਮੰਗਦੇ ਹਨ।

ਪਹਿਲੀ ਕਹਾਣੀ ਇੱਕ
ਮਨੁੱਖ ਦੇ ਬਾਰੇ ਸੀ ਜਿਸ
ਦੀਆਂ ਸੌ ਭੇਡਾ ਸਨ।
ਇੱਕ ਗਵਾਚ ਗਈ।

ਉਸੇ ਵੇਲੇ ਅਯਾਲੀ ਬਾਕੀ
ਨੜਿਨਵਿਆਂ ਨੂੰ ਛੱਡ ਕੇ
ਅਤੇ ਉਸ ਗਵਾਚੀ ਨੂੰ
ਲੱਭਣ ਚਲਾ ਗਿਆ।





ਅਯਾਲੀ ਉਸ ਨੂੰ ਉਦੋਂ ਤੱਕ ਲੱਭਦਾ ਰਿਹਾ ਜਦ ਤੱਕ ਉਹ ਭੇਡ ਉਸ ਨੂੰ ਮਿਲ ਨਹੀ ਗਈ। ਤਦ ਉਸ ਨੇਉਸ ਨੂੰ ਮੋਢਿਆਂ ਉੱਤੇ ਰੱਖਿਆ ਅਤੇ ਖੁਸ਼ੀ ਦੇ ਨਾਲ ਘਰ ਵਾਪਸ ਲੈ ਆਇਆ। ਉਸ ਨੇ ਆਪਣੇ ਮਿੱਤਰਾਂ ਨੂੰ ਕਿਹਾ,

“ਮੇਰੇ ਨਾਲ ਖੁਸ਼ੀ ਮਨਾਉ, ਕਿਉਂਕਿ ਮੈ ਆਪਣੀ ਭੇਡ ਲੱਭ ਲਈ ਹੈ ਜਿਹੜੀ ਗਵਾਚ ਗਈ ਸੀ!”

ਯਿਸੂ ਨੇ ਸਮਝਾਇਆ ਕੀ
ਇੱਕ ਪਾਪੀ ਦੇ ਪਸ਼ਚਾਤਾਪ
ਕਰਨ ਤੇ ਸਵਰਗ ਵਿੱਚ
ਮਹਾਨ ਖੁਸ਼ੀ ਹੁੰਦੀ ਹੈ।
ਪਸ਼ਚਾਤਾਪ ਦਾ ਮਤਲਬ
ਕੀ ਆਪਣੇ ਪਾਪਾਂ ਤੋਂ
ਮਾਫੀ – ਛੱਡਣ ਲਈ
ਬਸ ਮਾਫੀ!





ਯਿਸੂ ਨੇ ਅਗਲੀ ਕਹਾਣੀ ਉਸ ਔਰਤ ਦੇ ਬਾਰੇ ਦੱਸੀ ਜਿਸਦੇ ਕੋਲ ਚਾਂਦੀ ਦੇ ਦਸ ਸਿੱਕੇ ਸਨ, ਸ਼ਾਇਦ ਉਸਦੀ ਸਾਰੀ ਜਿੰਦਗੀ ਦੀ ਬਚਤ। ਇੱਕ ਡਰਾਉਣੀ ਗੱਲ ਹੋਈ। ਉਸਨੇ ਆਪਣਾ ਇੱਕ ਸਿੱਕਾ ਗਵਾ ਲਿਆ।

ਹੂੰਝ! ਹੂੰਝ! ਹੂੰਝ ਕੇ! ਔਰਤ ਨੇ
ਹਰ ਜੁਗਾ ਵੇਖਿਆ।



ਆਖਰਕਾਰ ਉਸਨੂੰ ਗਵਾਚਿਆ ਹੋਇਆ ਸਿੱਕਾ ਮਿਲ ਗਿਆ। ਉਹ ਬਹੁਤ ਖੁਸ਼ ਸੀ। ਤੁਸੀ ਅੰਦਾਜਾ ਲਗਾ ਸਕਦੇ ਹੋ ਕੇ ਉਸ ਨੇ ਕੀ ਕੀਤਾ? ਜੀਹਾਂ, ਉਸ ਨੇ ਆਪਣੇ ਸਾਰੇ ਮਿੱਤਰਾਂ ਨੂੰ ਦੱਸਿਆ!





ਯਿਸੂ ਨੇ ਫਿਰ
ਆਖਿਆ, “ਉੱਥੇ
ਪਰਮੇਸ਼ਵਰ ਦੀ
ਹਜ਼ੂਰੀ ਵਿੱਚ ਦੂਤ
ਇੱਕ ਪਾਪੀ ਦੇ
ਪਸ਼ਚਾਤਾਪ ਤੇ
ਖੁਸ਼ੀ ਮਨਾਉਂਦੇ
ਹਨ। ”

ਜੋ ਤੀਸਰੀ ਕਹਾਣੀ ਯਿਸੂ ਨੇ ਦੱਸੀ ਉਹ ਦੁੱਖ ਭਰੀ ਸੀ। ਇਹ ਉਸ ਲੜਕੇ ਦੇ ਬਾਰੇ ਸੀ ਜਿਸ ਨੇ ਆਪਣੇ ਪਿਤਾ ਦਾ ਘਰ ਛੱਡ ਦਿੱਤਾ।



ਇੱਕ ਦੂਰ ਦੇਸ਼ ਵਿੱਚ ਲੜਕੇ ਨੇ ਆਪਣਾ ਧਨ ਮੂਰਖ਼ਤਾ ਨਾਲ ਖਰਚ ਕੀਤਾ। ਹੁਣ ਉਹ ਕੀ ਕਰੇਗਾ? ਉਸ ਮਾਮਲੇ ਨੂੰ ਬਦਤਰ ਬਣਾਉਣ ਲਈ ਇੱਕ ਅਕਾਲ ਪਿਆ। ਲੜਕਾ ਭੁੱਖ ਨਾਲ ਮਰ ਰਿਹਾ ਸੀ।



ਭੁੱਖ ਨਾਲ ਪਰੇਸ਼ਾਨ ਲੜਕੇ ਨੂੰ ਸੂਰ ਚਰਾਉਣ ਦੀ ਨੌਕਰੀ ਮਿਲੀ। ਪਰ ਕਿਸੇ ਨੇ ਉਸ ਨੂੰ ਭੋਜਨ ਨਾ ਦਿੱਤਾ। ਉਸ ਨੇ ਖੁਸ਼ੀ ਨਾਲ ਸੂਰਾਂ ਦਾ ਭੋਜਨ ਖਾਦਾ ਹੋਵੇਗਾ। ਸ਼ਾਇਦ ਉਸ ਨੇ ਕੀਤਾ ਹੋਣਾ! ਅੰਤ ਵਿੱਚ ਲੜਕੇ ਨੂੰ ਹੋਸ਼ ਆਇਆ। ਉਸਨੇ ਸੋਚਿਆ, “ਪਿੱਛੇ ਘਰ ਵਿੱਚ ਨੌਕਰ ਵੀ ਚੰਗਾ ਭੋਜਨ ਖਾਂਦੇ ਹਨ।”





“ਮੈਂ ਘਰ ਵਾਪਸ ਜਾਵਾਂਗਾ ਅਤੇ ਆਪਣੇ ਪਿਤਾ ਤੋਂ ਆਪਣੇ ਪਾਪ ਲਈ ਮਾਫੀ ਮੰਗਾਂਗਾ। ਮੈਂ ਤੁਹਾਡਾ ਪੁੱਤਰ ਕਹਾਉਣ ਦੇ ਲਾਇਕ ਵੀ ਨਹੀ ਹਾਂ। ਮੈਂ ਆਸ਼ਾ ਕਰਦਾ ਹਾਂ ਕੇ ਉਹ ਮੈਨੂੰ ਇੱਕ ਨੌਕਰ ਦੇ ਵਾਗੂੰ ਰੱਖ ਲਵੇਗਾ।”

ਜਦ ਲੜਕਾ ਘਰ ਤੋਂ ਅਜੇ ਦੂਰ ਹੀ ਸੀ,ਉਸਦੇ ਪਿਤਾ ਨੇ ਉਸਨੂੰ ਆਉਂਦੇ
ਵੇਖ ਲਿਆ। ਆਨੰਦ ਨਾਲ, ਪਿਤਾ ਆਪਣੇ ਵਾਪਸ ਪਰਤੇ ਹੋਏ ਪੁੱਤਰ
ਦੇ ਵੱਲ ਭੱਜਿਆ। ਉਸ ਨੇ ਲੜਕੇ
ਨੂੰ ਚੁੱਮਿਆਂ ਅਤੇ ਜੱਫੀ ਪਾਈ।





"ਪਿਤਾ, ਮੈਂ ਪਾਪ
ਕੀਤਾ ਹੈ। ਮੈਂ ਤੇਰਾ ਪੁੱਤਰ
ਕਹਾਉਣ ਦੇ ਵੀ ਲਾਈਕ
ਨਹੀ ਹਾਂ।" ਲੜਕਾ ਪਿਤਾ
ਨੂੰ ਪੁਛਣਾ ਚਾਹੁੰਦਾ ਸੀ ਕੀ
ਉਸ ਨੂੰ ਇੱਕ ਨੌਕਰ ਦੇ ਵਜੋਂ
ਹੀ ਰੱਖ ਲੈਣ। ਪਰ ਪਿਤਾ
ਨੇ ਰੋਕਿਆ। "ਚੰਗੇ ਕੱਪੜੇ,
ਜੁੱਤੀ ਅਤੇ ਇੱਕ ਮੁੰਦਰੀ
ਮੇਰੇ ਪੁੱਤਰ ਦੇ ਲਈ
ਲਿਆਉ। ਅਤੇ ਇੱਕ
ਵੱਡਾ ਭੋਜ ਕਰੋ।"

ਉੱਥੇ ਇਕ ਅਦਭੁਤ ਉਤਸਵ ਸੀ ਕਿਉਂਕਿ ਬੇਟਾ ਜਿਹੜਾ ਗਵਾਚ ਗਿਆ ਸੀ ਉਹ ਲੱਭ ਗਿਆ ਸੀ। ਯਿਸੂ ਨੇ ਇਹ ਕਹਾਣੀ ਕਹੀ ਕਿਉਂਕਿ ਇਹ ਦਿਖਾਉਂਦੀ ਹੈ ਕਿਵੇਂ ਪਰਮੇਸ਼ਵਰ ਪਾਪੀਆਂ ਨੂੰ ਗਰਿਹਣ ਕਰਦਾ ਹੈ ਜਿਹੜੇ ਪਸ਼ਚਾਤਾਪ ਕਰਦੇ ਅਤੇ ਉਸਦੇ ਕੋਲ ਆਉਂਦੇ ਹਨ।



# ਉਜਾੜੂ ਪੁੱਤਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਲੂਕਾ ਦੀ ਇੰਜੀਲ 15

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜੀਲ 3:16